# ਪਿੱਠਭੂਮੀ

## ਬੀ.ਸੀ. ਲਈ ਇੱਕ ਮਜ਼ਬੂਤ, ਵਿਭਿੰਨ ਆਰਥਿਕਤਾ

ਜਦ ਕੈਨੇਡਾ ਅਣਉਚਿਤ ਅਮਰੀਕੀ ਟੈਰਿਫ਼ਾਂ ਦੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ, ਬੱਜਟ 2025 ਅਜਿਹੀ ਮੇਡ-ਇਨ-ਬੀ.ਸੀ. (ਬੀ.ਸੀ. ਵਿੱਚ ਤਿਆਰ) ਯੋਜਨਾ ਹੈ, ਜੋ ਵਿਕਾਸ ਵਿੱਚ ਮਦਦ ਕਰਨ ਅਤੇ ਲੋਕਾਂ ਲਈ ਚੰਗੀਆਂ ਨੌਕਰੀਆਂ ਸੁਰੱਖਿਅਤ ਕਰਨ ਲਈ ਤਿਆਰ ਕੀਤੀ ਗਈ ਹੈ।

ਬੀ.ਸੀ. ਨੇ ਅੰਤਰਰਾਸ਼ਟਰੀ ਚੁਣੌਤੀਆਂ ਦੇ ਬਾਵਜੂਦ ਇੱਕ ਮਜ਼ਬੂਤ ਆਰਥਿਕ ਨੀਂਹ ਬਣਾਈ ਹੈ, ਰਿਕਾਰਡ ਪੱਧਰ ਦੇ ਨਿਵੇਸ਼ਾਂ ਨੂੰ ਆਕਰਸ਼ਤ ਕੀਤਾ ਹੈ ਅਤੇ ਉਦਯੋਗ ਦੇ ਵਿਕਾਸ ਅਤੇ ਨਵੀਨਤਾ ਵਿੱਚ ਮਦਦ ਕੀਤੀ ਹੈ।

ਸਰਕਾਰ ਕੁਦਰਤੀ-ਸਰੋਤਾਂ ਦੇ ਖੇਤਰ ਵਿੱਚ ਪਰਮਿਟ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਪਿਛਲੇ ਨਿਵੇਸ਼ਾਂ 'ਤੇ ਤਰੱਕੀ ਕਰਨਾ ਜਾਰੀ ਰੱਖ ਰਹੀ ਹੈ, ਤਾਂ ਜੋ ਉੱਚ ਤਰਜੀਹ ਵਾਲੇ ਪ੍ਰੋਜੈਕਟਾਂ ਨੂੰ ਹੋਰ ਤੇਜ਼ੀ ਨਾਲ ਤਿਆਰ ਕੀਤਾ ਜਾ ਸਕੇ। ਇਸ ਵਿੱਚ ਲਗਭਗ $20 ਬਿਲੀਅਨ ਦੇ 18 ਪ੍ਰਮੁੱਖ ਮਹੱਤਵਪੂਰਨ ਖਣਿਜ ਅਤੇ ਊਰਜਾ ਪ੍ਰੋਜੈਕਟਾਂ ਨੂੰ ਤੇਜ਼ ਕਰਨਾ ਸ਼ਾਮਲ ਹੈ।

ਬੱਜਟ 2025 ਵਧੇਰੇ ਸਵੈ-ਨਿਰਭਰ ਅਤੇ ਵਿਭਿੰਨ ਅਰਥਵਿਵਸਥਾ ਦੇ ਵਿਕਾਸ ਦੇ ਆਪਣੇ ਟੀਚੇ ਵਿੱਚ ਬੀ.ਸੀ. ਨੂੰ ਅੱਗੇ ਵਧਾਉਂਦਾ ਹੈ, ਜੋ ਲੋਕਾਂ ਅਤੇ ਵਸਤੂਆਂ ਦੀ ਆਵਾਜਾਈ ਨੂੰ ਜਾਰੀ ਰੱਖਣ ਲਈ ਵਿੱਤੀ ਯੋਜਨਾ 'ਤੇ $172 ਮਿਲੀਅਨ ਦੇ ਨਵੇਂ ਨਿਵੇਸ਼ ਅਤੇ ਆਰਥਿਕ ਵਿਕਾਸ ਵਿੱਚ ਮਦਦ ਲਈ ਨਵੇਂ ਟੈਕਸ ਉਪਾਵਾਂ ਦੇ ਨਾਲ ਚੁਣੌਤੀਪੂਰਨ ਸਮਿਆਂ ਵਿੱਚ ਅਟੁੱਟ ਸਹਿਯੋਗ ਪ੍ਰਦਾਨ ਕਰੇਗਾ।

**ਚੰਗੀਆਂ ਨੌਕਰੀਆਂ ਪੈਦਾ ਕਰਨ ਲਈ ਨਵੀਨਤਾ ਅਤੇ ਨਿਵੇਸ਼ ਨੂੰ ਉਤਸ਼ਾਹਤ ਕਰਨਾ**

ਤਿੰਨ ਸਾਲ ਦੇ ਪਾਇਲਟ ਦੀ ਸਫਲਤਾ ਨੂੰ ਅੱਗੇ ਵਧਾਉਂਦਿਆਂ, ਬੱਜਟ 2025 ਟੈਕ ਕੰਪਨੀਆਂ ਨੂੰ ਕਮਰਸ਼ੀਅਲ ਭਾਈਵਾਲਾਂ ਨਾਲ ਜੋੜਨ ਲਈ 'ਇੰਟੀਗਰੇਟਿਡ ਮਾਰਕਿਟਪਲੇਸ ਇਨੀਸ਼ੀਏਟਿਵ' (Integrated Marketplace Initiative) ਵਿੱਚ ਤਿੰਨ ਸਾਲਾਂ ਵਿੱਚ $30 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ, ਤਾਂ ਜੋ ਅਸਲ ਪਰਿਸਥਿਤੀਆਂ ਵਿੱਚ ਉਨ੍ਹਾਂ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਜਾਂਚ ਕੀਤੀ ਜਾ ਸਕੇ।

ਇਹ ਪਹਿਲਕਦਮੀ ਟੈਕ ਕੰਪਨੀਆਂ ਵਿੱਚ ਵਾਧਾ ਕਰਨ, ਨਵੀਆਂ ਮਾਰਕਿਟਾਂ ਵਿੱਚ ਵਿਸਤਾਰ ਕਰਨ ਅਤੇ ਸਾਡੇ ਸੂਬੇ ਵਿੱਚ ਵਧੇਰੇ ਉੱਚ ਗੁਣਵੱਤਾ ਵਾਲੀਆਂ ਨੌਕਰੀਆਂ ਅਤੇ ਮੌਕੇ ਪੈਦਾ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਪ੍ਰੋਜੈਕਟ, ਬੀ.ਸੀ. ਦੀ ਵਿਭਿੰਨ ਆਰਥਿਕਤਾ ਲਈ ਪੋਰਟਾਂ ਅਤੇ ਹਵਾਈ ਅੱਡਿਆਂ ਸਮੇਤ ਮਹੱਤਵਪੂਰਨ ਸਾਈਟਾਂ 'ਤੇ ਸਥਿਤ ਹਨ।

ਬੀ.ਸੀ. ਜੀਵੰਤ 'ਇੰਟਰਐਕਟਿਵ ਟੈਕਨੌਲੋਜੀ' ਦਾ ਮੁੱਖ ਕੇਂਦਰ ਹੈ ਜਿਸ ਵਿੱਚ ਅਜਿਹੀਆਂ ਅੰਤਰਰਾਸ਼ਟਰੀ ਕੰਪਨੀਆਂ ਦੇ ਦਫਤਰ ਹਨ ਜੋ ਵੀਡੀਓ ਗੇਮਾਂ ਅਤੇ ਵਰਚੁਅਲ ਰਿਐਲਿਟੀ ਵਿੱਚ ਮੋਢੀ ਹਨ। ਇਸ ਖੇਤਰ ਦੀ ਸਫਲਤਾ ਨੂੰ ਹੁਲਾਰਾ ਦੇਣ ਲਈ, ਬੱਜਟ 2025 'ਇੰਟਰਐਕਟਿਵ ਡਿਜੀਟਲ ਮੀਡੀਆ ਟੈਕਸ ਕ੍ਰੈਡਿਟ' ਨੂੰ 17.5% ਤੋਂ ਵਧਾ ਕੇ 25% ਕਰ ਰਿਹਾ ਹੈ ਅਤੇ ਕ੍ਰੈਡਿਟ ਨੂੰ ਸਥਾਈ ਬਣਾ ਰਿਹਾ ਹੈ। ਇਸ ਨਾਲ ਕੰਪਨੀਆਂ ਨੂੰ ਹੁਨਰਮੰਦ ਲੋਕਾਂ ਨੂੰ ਆਕਰਸ਼ਤ ਕਰਨ, ਆਪਣੀਆਂ ਟੀਮਾਂ ਦਾ ਵਿਸਤਾਰ ਕਰਨ ਅਤੇ ਵਧੇਰੇ ਕੌਂਟਰੈਕਟ ਸੁਰੱਖਿਅਤ ਕਰਨ ਲਈ ਇੱਕ ਮਜ਼ਬੂਤ ਅਤੇ ਟਿਕਾਊ ਉਦਯੋਗ ਬਣਾਉਣ ਵਿੱਚ ਸਹਾਇਤਾ ਮਿਲੇਗੀ।

ਬੱਜਟ 2025 ਬੀ.ਸੀ. ਦੇ ਛੋਟੇ ਕਾਰੋਬਾਰਾਂ ਵਿੱਚ ਨਿਵੇਸ਼ ਨੂੰ ਵੀ ਉਤਸ਼ਾਹਤ ਕਰਦਾ ਹੈ, ਜਿਸ ਵਿੱਚ ਇਸਦੇ 'ਸਮੌਲ ਬਿਜ਼ਨੈਸ ਵੈਨਚਰ ਕੈਪੀਟਲ ਟੈਕਸ ਕ੍ਰੈਡਿਟ' (small business venture capital tax credit) ਰਾਹੀਂ ਵਿਅਕਤੀਆਂ ਲਈ ਨਿਵੇਸ਼ ਸੀਮਾ ਵਿੱਚ ਵਾਧਾ ਅਤੇ 2025-27 ਲਈ ਪ੍ਰੋਗਰਾਮ ਦੇ ਬੱਜਟ ਵਿੱਚ $15 ਮਿਲੀਅਨ ਦਾ ਅਸਥਾਈ ਵਾਧਾ ਸ਼ਾਮਲ ਹੈ।

**ਕਨੇਡੀਅਨ ਸਮੱਗਰੀ ਅਤੇ 'ਮੇਡ-ਇਨ-ਬੀ.ਸੀ.' ਪ੍ਰੋਡਕਸ਼ਨ ਨੂੰ ਸਹਿਯੋਗ ਦੇਣਾ**

ਬੱਜਟ 2025 ਬੀ.ਸੀ. ਦੇ ਖੁਸ਼ਹਾਲ ਫਿਲਮ ਸੈਕਟਰ ਲਈ ਪ੍ਰੋਤਸਾਹਨਾਂ ਵਿੱਚ ਵਾਧਾ ਕਰਦਾ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਫਿਲਮ ਅਤੇ ਟੀ.ਵੀ. ਉਦਯੋਗ ਦੀਆਂ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਸੂਬੇ ਵਿੱਚ ਬਰਕਰਾਰ ਰਹਿਣ। ਕਨੇਡੀਅਨ ਸਮੱਗਰੀ ਵਾਲੀਆਂ ਪ੍ਰੋਡਕਸ਼ਨਾਂ ਲਈ 'ਫਿਲਮ ਇਨਸੈਨਟਿਵ ਬੀ ਸੀ' (Film Incentive BC) ਕ੍ਰੈਡਿਟ 35% ਤੋਂ ਵਧਾ ਕੇ 40% ਕਰ ਦਿੱਤਾ ਗਿਆ ਹੈ, ਜੋ ਕਨੇਡੀਅਨ ਸਮੱਗਰੀ ਨੂੰ ਸਹਿਯੋਗ ਦੇਣ ਲਈ 1 ਜਨਵਰੀ, 2025 ਤੱਕ ਰੈਟ੍ਰੋਐਕਟਿਵ ਹੈ। ਬੀ.ਸੀ. ਵਿੱਚ ਬਣੇ ਅੰਤਰਰਾਸ਼ਟਰੀ ਪ੍ਰੋਜੈਕਟਾਂ ਵਿੱਚ ਮਦਦ ਕਰਨ ਲਈ, 'ਪ੍ਰੋਡਕਸ਼ਨ ਸਰਵਿਸਿਜ਼ ਟੈਕਸ ਕ੍ਰੈਡਿਟ' (production services tax credit) 28% ਤੋਂ ਵਧ ਕੇ 36% ਹੋ ਰਿਹਾ ਹੈ। $200 ਮਿਲੀਅਨ ਤੋਂ ਵੱਧ ਦੇ ਖ਼ਰਚਿਆਂ ਵਾਲੇ ਪ੍ਰੋਡਕਸ਼ਨ ਪ੍ਰੋਜੈਕਟ, ਨਵੇਂ 2% 'ਮੇਜਰ ਪ੍ਰੋਡਕਸ਼ਨ ਟੈਕਸ ਕ੍ਰੈਡਿਟ' (major production tax credit) ਰਾਹੀਂ ਵਧੇਰੇ ਸਹਾਇਤਾ ਲੈ ਸਕਦੇ ਹਨ।

ਬੱਜਟ 2025 ਕਿਸੇ ਖੇਤਰੀ ਜਾਂ ਦੂਰ-ਦੁਰਾਡੇ ਦੇ ਖੇਤਰ ਵਿੱਚ ਸਥਾਪਤ ਦਫਤਰਾਂ ਵਾਲੀਆਂ ਉਨ੍ਹਾਂ ਐਨੀਮੇਟਿਡ ਪ੍ਰੋਡਕਸ਼ਨਾਂ ਲਈ ਨਿਯਮਾਂ ਵਿੱਚ ਸੋਧ ਵੀ ਕਰ ਰਿਹਾ ਹੈ ਜੋ 'ਫਿਲਮ ਇਨਸੈਨਟਿਵ ਬੀ ਸੀ' ਦੇ ਟੈਕਸ ਕ੍ਰੈਡਿਟ ਜਾਂ 'ਪ੍ਰੋਡਕਸ਼ਨ ਸਰਵਿਸਿਜ਼ ਟੈਕਸ ਕ੍ਰੈਡਿਟ' ਦੇ ਯੋਗ ਹਨ, ਤਾਂਕਿ ਉਹ ਖੇਤਰੀ ਅਤੇ ਦੂਰ-ਦਰਾਡੇ ਦੀ ਲੋਕੇਸ਼ਨ ਵਾਲੇ ਟੈਕਸ ਕ੍ਰੈਡਿਟ ਕਲੇਮ ਕਰ ਸਕਣ, ਜੇ ਉਹ ਹੋਰ ਲੋੜਾਂ ਨੂੰ ਪੂਰਾ ਕਰਦੇ ਹਨ।

**ਆਵਾਜਾਈ ਅਤੇ ਟ੍ਰਾਂਜ਼ਿਟ ਦੇ ਅੱਪਗ੍ਰੇਡਾਂ ਰਾਹੀਂ ਸਮਾਨ ਦੀ ਢੋਆ-ਢੁਆਈ ਅਤੇ ਲੋਕਾਂ ਲਈ ਸਫ਼ਰ ਨੂੰ ਅਸਾਨ ਬਣਾਉਣਾ**

ਆਵਾਜਾਈ ਲਈ ਭਰੋਸੇਯੋਗ ਬੁਨਿਆਦੀ ਢਾਂਚਾ ਲੋਕਾਂ ਨੂੰ ਆਪਸ ਵਿੱਚ ਜੋੜੇ ਰੱਖਣ, ਸਪਲਾਈ ਚੇਨ ਨੂੰ ਮਜ਼ਬੂਤ ਕਰਨ ਅਤੇ ਬੀ.ਸੀ. ਦੇ ਉਤਪਾਦਾਂ ਨੂੰ ਕੁਸ਼ਲਤਾ ਨਾਲ ਮਾਰਕਿਟ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ।

ਬੱਜਟ 2025 ਵਿੱਚ ਹਾਈਵੇਆਂ ਅਤੇ ਪੁਲਾਂ ਦੀ ਸਾਂਭ-ਸੰਭਾਲ ਅਤੇ ਮਾਲ ਅਤੇ ਲੋਕਾਂ ਦੀ ਸੁਰੱਖਿਅਤ ਅਤੇ ਕੁਸ਼ਲ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਆਵਾਜਾਈ ਸੇਵਾਵਾਂ ਵਿੱਚ ਮਦਦ ਵਾਸਤੇ ਤਿੰਨ ਸਾਲਾਂ ਵਿੱਚ $142 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ। ਇਸ ਵਿੱਚ ਸ਼ਾਮਲ ਹਨ:

- ਸੂਬੇ ਭਰ ਵਿੱਚ ਹਾਈਵੇਆਂ ਅਤੇ ਪੁਲਾਂ ਦੀ ਮਹੱਤਵਪੂਰਨ ਸਾਂਭ-ਸੰਭਾਲ ਲਈ ਵਧੇਰੇ ਫੰਡਿੰਗ ਵਿੱਚ $95 ਮਿਲੀਅਨ; ਅਤੇ
- ਲੋਅਰ ਮੇਨਲੈਂਡ ਤੋਂ ਬਾਹਰ 130 ਭਾਈਚਾਰਿਆਂ ਵਿੱਚ ਭਰੋਸੇਯੋਗ ਬੱਸ ਅਤੇ ਹੈਂਡੀ-ਡਾਰਟ (handyDART) ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਬੀ ਸੀ ਟ੍ਰਾਂਜ਼ਿਟ ਲਈ $47 ਮਿਲੀਅਨ।

ਬੱਜਟ 2025 ਵਿੱਚ ਅਗਲੇ ਤਿੰਨ ਸਾਲਾਂ ਵਿੱਚ ਬੀ.ਸੀ. ਵਿੱਚ ਆਵਾਜਾਈ ਦੇ ਨੈਟਵਰਕ ਨੂੰ ਬਿਹਤਰ ਬਣਾਉਣ ਲਈ $15.9 ਬਿਲੀਅਨ ਦੀ ਕੈਪੀਟਲ ਫੰਡਿੰਗ ਵੀ ਸ਼ਾਮਲ ਹੈ। ਪ੍ਰਵਾਨਿਤ ਪ੍ਰੋਜੈਕਟਾਂ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਸਰ੍ਹੀ ਲੈਂਗਲੀ ਸਕਾਈਟ੍ਰੇਨ ਲਈ $6 ਬਿਲੀਅਨ;
- ਫਰੇਜ਼ਰ ਵੈਲੀ ਹਾਈਵੇਅ 1 ਕੌਰੀਡੋਰ ਦੇ ਸੁਧਾਰ ਪ੍ਰੋਗਰਾਮ ਦੇ ਦੋ ਪੜਾਵਾਂ ਲਈ $5 ਬਿਲੀਅਨ;
- ਹਾਈਵੇਅ 99 'ਤੇ ਜੌਰਜ ਮੈਸੀ ਟਨਲ ਦੀ ਥਾਂ ਅੱਠ ਲੇਨਾਂ ਦੇ 'ਇਮਰਸਡ ਟਿਊਬ ਟਨਲ' (immersed tube tunnel) ਲਈ $4.2 ਬਿਲੀਅਨ;
- ਬ੍ਰੌਡਵੇ ਸਬਵੇਅ ਪ੍ਰੋਜੈਕਟ ਲਈ $3 ਬਿਲੀਅਨ;
- ਕੈਮਲੂਪਸ ਅਤੇ ਗੋਲਡਨ ਵਿਚਕਾਰ ਹਾਈਵੇਅ 1 ਦੇ ਕਈ ਭਾਗਾਂ ਨੂੰ ਅੱਪਗ੍ਰੇਡ ਕਰਨ ਲਈ $1.2 ਬਿਲੀਅਨ; ਅਤੇ

- ਜ਼ਮੀਨ ਖਿਸਕਣ ਨਾਲ ਨੁਕਸਾਨੇ ਗਏ ਕੈਰੀਬੂ ਖੇਤਰ ਵਿੱਚ ਸੜਕਾਂ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਤੱਕ ਪਹੁੰਚ ਬਹਾਲ ਕਰਨ ਲਈ ਦੋ ਪ੍ਰੋਜੈਕਟਾਂ ਲਈ $538 ਮਿਲੀਅਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰੀਲੇਸ਼ਨਜ਼
236 969-0744